# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922


ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times   07 ਸਤੰਬਰ 2026 ਦਿਨ ਸੋਮਵਾਰ   ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਿਆਟਲ ਵਿਖੇ 'ਕੈਲ' ਦਾ ਪਲੇਠਾ ਕਹਾਣੀ ਸੰਗ੍ਰਹਿ 'ਸਗਨਾਂ ਦਾ ਕਾਰਡ' ਲੋਕ ਅਰਪਣ 12 ਸਤੰਬਰ ਨੂੰ

ਵਰਲਡ ਪੰਜਾਬੀ ਟਾਈਮਜ਼

ਸਿਆਟਲ 7 ਸਤੰਬਰ : ਪੰਜਾਬੀ ਲਿਖਾਰੀ ਸਭਾ ਸਿਆਟਲ ਰਜਿ: ਵਲੋਂ 12 ਸੰਤਬਰ ਦਿਨ ਸ਼ਨਿਚਰਵਾਰ ਨੂੰ 'ਰੰਧਾਵਾ ਫਾਊਂਡੇਸ਼ਨ ' ਦੇ ਹਾਲ ਪਤਾ 410-3rd Ave S.Kent WA 98032. ਵਿਖੇ ਸਭਾ ਦੇ ਪ੍ਰਧਾਨ ਨਾਮੀ ਲਿਖਾਰੀ ਤੇ ਗੀਤਕਾਰ ਜਿਹਨਾਂ ਦੀਆਂ ਕਹਾਣੀਆਂ ਕਵਿਤਾਵਾਂ , ਵਿਅੰਗ ਨੂੰ ਲੋਕ ਲਗ-ਭਗ ਚਾਲੀ ਸਾਲਾਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। 'ਸ:ਕਰਨੈਲ ਸਿੰਘ ਕੈਲ' ਦਾ ਪਲੇਠਾ ਕਹਾਣੀ- ਸੰਗ੍ਰਹਿ 'ਸ਼ਗਨਾਂ ਦਾ ਕਾਰਡ'ਲੋਕ-ਅਰਪਣ ਕੀਤਾ ਜਾ ਰਿਹਾ ਹੈ।




ਇਸ ਮੌਕੇ ਸ: ਕੈਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗ੍ਰਾਮ ਵਿਚ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਆਏ ਹੋਏ ਜੰਨਤ ਏ ਜਰਖੜ ਦੇ ਬਾਨੀ, ਉਘੇ ਪੱਤਰਕਾਰ,ਹਾਕੀ ਦੇ ਪ੍ਰਮੋਟਰ ਤੇ ਸਮਾਜ ਸੇਵੀ ਜਗਰੂਪ ਸਿੰਘ ਜਰਖੜ ਮੁੱਖ ਮਹਿਮਾਨ ਤੇ ਬੁਲਾਰੇ ਹੋਣਗੇ ।

ਇਸ ਦੇ ਨਾਲ ਹੀ ਕਵੀ-ਦਰਬਾਰ ਵੀ ਹੋਵੇਗਾ,ਜਿਸ ਵਿਚ ਸਥਾਨਕ ਲਿਖਾਰੀਆਂ ਕਵੀਆਂ ਬੁਲਾਰਿਆਂ ਤੋਂ ਇਲਾਵਾ ਕਈ ਨਵੇਂ ਗਾਇਕ ਚੇਹਰੇ ਵੀ ਸ਼ਾਮਲ ਹੋਣਗੇ।ਪੰਜਾਬ ਦੇ ਮਾਣ ਮੱਤਾ ਗੀਤਕਾਰ ਤੇ ਗਾਇਕ ਬਲਬੀਰ ਸਿੰਘ ਲਹਿਰਾ ਇਸ ਕਵੀ ਦਰਬਾਰ ਵਿਚ ਵਿਲੱਖਣ ਯੋਗਦਾਨ ਪਾਉਣ ਦੇ ਨਾਲ ਨਾਲ ਸਿਫਤੀ ਸਟੇਜ ਦਾ ਮਾਣ ਬਣੇਗਾ।

ਪ੍ਰੋਗਰਾਮ ਦੀ ਸ਼ੁਰੂਆਤ ਠੀਕ 11.00 ਵਜੇ ਹੋਵੇਗੀ। ਇਸ ਸਮੇਂ ਖਾਣ ਪੀਣ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ਤੇ ਇਹ ਸੇਵਾ ਸਾਡੇ ਸਭ ਦੇ ਅਜੀਜ ਸ: ਬਲਬੀਰ ਸਿੰਘ ਲਹਿਰਾ ਵਲੋਂ ਉਨ੍ਹਾਂ ਦੇ ਘਰ ਪ੍ਰਮਾਤਮਾਂ ਦੀ ਬਖਸ਼ਿਸ਼ ਪੋਤਰੇ ਦੀ ਦਾਤ ਦੀ ਖੁਸ਼ੀ ਵਿੱਚ ਕੀਤੀ ਜਾਵੇਗੀ। ਪ੍ਰੋਗਰਾਮ ਦੇ ਅਖੀਰ ਵਿਚ ਲਹਿਰਾ ਸਾਬ੍ਹ ਵੱਲੋਂ ਸਭ ਦੀ ਪਸੰਦ ਸੁਆਦਲੇ ਪੀਜ਼ੇ ਦਾ ਬੰਦੋਬਸਤ ਕੀਤਾ ਜਾਵੇਗਾ । ਪ੍ਰੋਗਰਾਮ ਵਿੱਚ ਆਪ ਸਭ ਨੂੰ ਖੁੱਲ੍ਹਾ ਸੱਦਾ ਦਿਤਾ ਜਾਂਦਾ ਹੈ ।

## ਦੇਸੂਮਾਜਰਾ ਦੀ ਸਕੂਲ ਲਾਇਬ੍ਰੇਰੀ ਨੂੰ ਵਾਤਾਵਰਨੀ ਵਿਸ਼ਵਕੋਸ਼ੀ ਸ਼ਬਦਕੋਸ਼ ਭੇਟ

ਵਰਲਡ ਪੰਜਾਬੀ ਟਾਈਮਜ਼



ਦੇਸੂਮਾਜਰਾ 7 ਸਤੰਬਰ : ਸਟੇਟ ਐਵਾਰਡੀ ਵਾਤਾਵਰਨ ਕਾਰਜਕਰਤਾ ਡਾਕਟਰ ਸੁਰਿੰਦਰ ਕੁਮਾਰ ਜਿੰਦਲ ਨੇ ਦੇਸੂਮਾਜਰਾ ਦੇ ਸਰਕਾਰੀ ਪੀ. ਐੱਮ. ਸ਼੍ਰੀ ਸਕੂਲ ਦੀ ਹੈੱਡਮਿਸਟ੍ਰੈੱਸ ਖੁਸ਼ਵਿੰਦਰ ਕੌਰ ਨਾਲ ਉਨ੍ਹਾਂ ਦੇ ਸਕੂਲ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਸਮੇਂ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦੁਆਰਾ ਹਾਲ ਵਿੱਚ ਹੀ ਪ੍ਰਕਾਸ਼ਿਤ ਕੀਤਾ ਗਿਆ ਇਕ ਵਿਸ਼ਵਕੋਸ਼ੀ ਸ਼ਬਦਕੋਸ਼, ਜੋ ਕਿ ਵਾਤਾਵਰਨ ਅਤੇ ਜਲਵਾਯੂ-ਤਬਦੀਲੀ ਦੇ ਵਿਸ਼ੇ ਉੱਪਰ ਹੈ, ਸਕੂਲ ਦੀ ਲਾਇਬ੍ਰੇਰੀ ਲਈ ਭੇਟ ਕੀਤਾ। ਇਸ ਮੌਕੇ ਖੁਸ਼ਵਿੰਦਰ ਕੌਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਜਲਵਾਯੂ-ਤਬਦੀਲੀ ਅਤੇ ਵਾਤਾਵਰਨ ਬਾਰੇ ਤਕਨੀਕੀ ਜਾਣਕਾਰੀ ਆਮ ਜਨਤਾ ਤੱਕ ਪਹੁੰਚਾਉਣ ਲਈ ਇਹ ਸ਼ਬਦਕੋਸ਼ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿੱਚ ਪਹੁੰਚਣਾ ਬਹੁਤ ਚੰਗੀ ਗੱਲ ਹੈ। ਉਨ੍ਹਾਂ ਨੇ ਇੱਛਾ ਪ੍ਰਗਟ ਕੀਤੀ ਕਿ ਜੇਕਰ ਪੰਜਾਬ ਸਰਕਾਰ ਇਸ ਸ਼ਬਦਕੋਸ਼ ਨੂੰ ਵਿੱਕਰੀ ਲਈ ਵੀ ਉਪਲਬਧ ਕਰਵਾ ਦੇਵੇ ਤਾਂ ਉਹ ਸਕੂਲ ਦੀ ਲਾਇਬ੍ਰੇਰੀ ਲਈ ਹੋਰ ਕਾਪੀਆਂ ਵੀ ਆਰਡਰ ਕਰਨਾ ਚਾਹੁਣਗੇ। ਡਾ. ਜਿੰਦਲ ਨੇ ਸਕੂਲ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀ ਇਸ ਮੰਗ ਨੂੰ ਪੰਜਾਬ ਸਰਕਾਰ ਤੱਕ ਪਹੁੰਚਾ ਦਿੱਤਾ ਜਾਵੇਗਾ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਇਹ ਸ਼ਬਦਕੋਸ਼ ਵਿੱਕਰੀ ਕਾਊਂਟਰਾਂ 'ਤੇ ਉਪਲਬਧ ਕਰਵਾਉਣ ਲਈ ਯਤਨ ਕੀਤੇ ਜਾ ਸਕਣ। ਇਸ ਸਮੇਂ ਉਨ੍ਹਾਂ ਨਾਲ ਮਾ. ਦਵਿੰਦਰ ਕੁਮਾਰ, ਮੈਡਮ ਸ਼ਿਖਾ, ਅਨੀਤਾ ਅਤੇ ਮਨਪ੍ਰੀਤ ਕੌਰ ਵੀ ਹਾਜ਼ਰ ਸਨ। ਵਰਣਨਯੋਗ ਹੈ ਕਿ ਡਾ. ਜਿੰਦਲ ਵਾਤਾਵਰਨ ਵਿਸ਼ੇ ਉੱਪਰ ਡਾਕਟਰੇਟ ਹਨ ਅਤੇ ਉਹ ਪੰਜਾਬ ਸਰਕਾਰ ਵਲੋਂ ਤਿਆਰ ਕੀਤੇ ਗਏ ਇਹ ਵਿਸ਼ਵਕੋਸ਼ੀ ਸ਼ਬਦਕੋਸ਼ ਸਕੂਲਾਂ-ਕਾਲਜਾਂ ਦੀਆਂ ਲਾਇਬ੍ਰੇਰੀਆਂ ਤੱਕ ਪਹੁੰਚਾਉਣ ਲਈ ਯਤਨਸ਼ੀਲ ਹਨ।

## ਪੀ.ਐਮ.ਸ਼੍ਰੀ ਸਰਕਾਰੀ ਹਾਈ ਸਕੂਲ ਵਿਖੇ ਅਧਿਆਪਕ ਦਿਵਸ ਨੂੰ ਸਮਰਪਿਤ 'ਬੈਗਲੈੱਸ ਡੇਅ' ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 7 ਸਤੰਬਰ : ਸਿੱਖਿਆ ਵਿਭਾਗ ਫਰੀਦਕੋਟ ਦੀਆਂ ਹਦਾਇਤਾਂ ਅਨੁਸਾਰ ਪੀ.ਐਮ. ਸ਼੍ਰੀ ਸਰਕਾਰੀ ਹਾਈ ਸਕੂਲ ਸੁਰਗਾਪੁਰੀ ਕੋਟਕਪੂਰਾ ਵਿਖੇ ਸਕੂਲ ਹੈੱਡਮਾਸਟਰ ਸ਼੍ਰੀ ਮਨੀਸ਼ ਛਾਬੜਾ ਜੀ ਦੀ ਯੋਗ ਅਤੇ ਕੁਸ਼ਲ ਅਗਵਾਈ ਹੇਠ ਅਧਿਆਪਕ ਦਿਵਸ ਨੂੰ ਸਮਰਪਿਤ 'ਬੈਗਲੈੱਸ ਡੇਅ' ਬੜੇ ਉਤਸ਼ਾਹ, ਚਾਅ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ।




ਇਸ ਖਾਸ ਮੌਕੇ ਵਿਦਿਆਰਥੀ ਬਿਨਾਂ ਸਕੂਲੀ ਬਸਤਿਆਂ ਤੋਂ ਸਕੂਲ ਪੁੱਜੇ ਅਤੇ ਦਿਨ ਭਰ ਚੱਲੀਆਂ ਵੱਖ-ਵੱਖ ਰਚਨਾਤਮਕ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ। ਦਿਨ ਦੀ ਸ਼ੁਰੂਆਤ ਦੌਰਾਨ ਵਿਦਿਆਰਥੀਆਂ ਲਈ ਕਈ ਤਰ੍ਹਾਂ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਰੰਗੋਲੀ ਮੁਕਾਬਲਾ, ਅਧਿਆਪਕਾਂ ਲਈ ਸ਼ੁੱਭਕਾਮਨਾ ਕਾਰਡ (ਗਰੀਟਿੰਗ ਕਾਰਡ) ਬਣਾਉਣਾ, ਕਲਾਸਰੂਮ ਸਜਾਵਟ ਅਤੇ ਪੋਸਟਰ ਮੇਕਿੰਗ ਮੁਕਾਬਲੇ ਮੁੱਖ ਆਕਰਸ਼ਣ ਰਹੇ। ਵਿਦਿਆਰਥੀਆਂ ਨੇ ਆਪਣੇ ਕੋਮਲ ਹੱਥਾਂ ਨਾਲ ਬਣਾਏ ਖੂਬਸੂਰਤ ਕਾਰਡਾਂ, ਆਕਰਸ਼ਕ ਰੰਗੋਲੀਆਂ ਅਤੇ ਪ੍ਰੇਰਨਾਦਾਇਕ ਸੁਵਿਚਾਰਾਂ ਨਾਲ ਸਜੀਆਂ ਜਮਾਤਾਂ ਰਾਹੀਂ ਆਪਣੇ ਅਧਿਆਪਕਾਂ ਪ੍ਰਤੀ ਦਿਲੋਂ ਸਤਿਕਾਰ, ਪ੍ਰੇਮ ਅਤੇ ਧੰਨਵਾਦ ਦਾ ਪ੍ਰਗਟਾਵਾ ਕੀਤਾ। ਇਸ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਸਕੂਲ ਹੈੱਡਮਾਸਟਰ ਸ਼੍ਰੀ ਮਨੀਸ਼ ਛਾਬੜਾ ਜੀ ਨੇ ਦੱਸਿਆ ਕਿ ਅਜਿਹੀਆਂ ਗਤੀਵਿਧੀਆਂ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜਰੂਰੀ ਹਨ, ਬਿਨਾਂ ਬਸਤੇ ਦੇ ਸਕੂਲ ਆਉਣ ਨਾਲ ਜਿੱਥੇ ਬੱਚਿਆਂ ਦਾ ਮਾਨਸਿਕ ਤਣਾਅ ਘਟਦਾ ਹੈ, ਉੱਥੇ ਹੀ ਉਨ੍ਹਾਂ ਅੰਦਰ ਛੁਪੀ ਰਚਨਾਤਮਕਤਾ, ਕਲਾਤਮਕ ਸੋਚ ਅਤੇ ਜੀਵਨ ਹੁਨਰ (ਲਾਈਫ ਸਕਿੱਲਜ਼) ਦਾ ਵਿਕਾਸ ਹੁੰਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਦੀਆਂ ਬਣਾਈਆਂ ਕਲਾਕ੍ਰਿਤੀਆਂ ਦੀ ਸ਼ਲਾਘਾ ਕੀਤੀ ਅਤੇ ਸਮੂਹ ਅਧਿਆਪਕਾਂ ਨੂੰ ਵੀ ਅਧਿਆਪਕ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ, ਜਿਨ੍ਹਾਂ ਨੇ ਮਿਲ ਕੇ ਇਸ ਦਿਨ ਨੂੰ ਯਾਦਗਾਰੀ ਬਣਾਇਆ।

## ਇੰਟਰਨੈਸ਼ਨਲ ਮਿਲੇਨੀਅਮ ਸਕੂਲ ਵਿਖੇ ਭਗਵਾਨ ਸ੍ਰੀ ਕ੍ਰਿਸ਼ਨ ਜਨਮਾਸ਼ਟਮੀ ਦਾ ਤਿਉਹਾਰ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 7 ਸਤੰਬਰ : ਮੋਗਾ-ਕੋਟਕਪੂਰਾ ਰੋਡ 'ਤੇ ਪੰਜਗਰਾਈਂ ਕਲਾਂ ਦੇ ਨੇੜੇ ਸਥਿਤ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਵਿਖੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਉਤਸਵ ਜਨਮਾਸ਼ਟਮੀ ਦਾ ਤਿਉਹਾਰ ਬੜੀ ਸ਼ਰਧਾ, ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਕੈਂਪਸ ਨੂੰ ਰੰਗ-ਬਿਰੰਗੀਆਂ ਸਜਾਵਟਾਂ ਨਾਲ ਸੁੰਦਰ ਢੰਗ ਨਾਲ ਸਜਾਇਆ ਗਿਆ। ਸਮਾਗਮ ਦੌਰਾਨ ਵਿਦਿਆਰਥੀਆਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਦਰਸਾਉਂਦੇ ਭਜਨ, ਕਵਿਤਾਵਾਂ, ਨਾਚ ਅਤੇ ਵੱਖ-ਵੱਖ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ। ਨੰਨ੍ਹੇ-ਮੁੰਨੇ ਬੱਚਿਆਂ ਨੇ ਸ੍ਰੀ ਕ੍ਰਿਸ਼ਨ ਅਤੇ ਰਾਧਾ ਦੇ ਰੂਪ ਧਾਰ ਕੇ ਸਾਰਿਆਂ ਦਾ ਮਨ ਮੋਹ ਲਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਮਟਕੀ ਸਜਾਵਟ ਸਮੇਤ ਹੋਰ ਰਚਨਾਤਮਕ ਗਤੀਵਿਧੀਆਂ ਵਿੱਚ ਵੀ ਉਤਸ਼ਾਹ ਨਾਲ ਭਾਗ ਲਿਆ ਗਿਆ। ਸਕੂਲ ਦੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਧਰਮ, ਸੱਚਾਈ, ਪਿਆਰ, ਦਇਆ ਅਤੇ ਨਿਸ਼ਕਾਮ ਕਰਮ ਦੇ ਸੰਦੇਸ਼ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਭਾਰਤੀ ਸੰਸਕ੍ਰਿਤੀ ਅਤੇ ਧਾਰਮਿਕ ਪਰੰਪਰਾਵਾਂ ਨਾਲ ਜੋੜਨਾ ਅਤੇ ਉਨ੍ਹਾਂ ਵਿੱਚ ਨੈਤਿਕ ਕਦਰਾਂ-ਕੀਮਤਾਂ ਦਾ ਵਿਕਾਸ ਕਰਨਾ ਸੀ। ਸਕੂਲ ਦੇ ਚੇਅਰਮੈਨ ਵਾਸੂ ਸ਼ਰਮਾ, ਰਕਸ਼ੰਦਾ ਸ਼ਰਮਾ, ਡਾਇਰੈਕਟਰ ਸੀਮਾ ਸ਼ਰਮਾ, ਅਕਾਦਮਿਕ ਡਾਇਰੈਕਟਰ ਵਿਨੋਦ ਵਰਮਾ ਅਤੇ ਪ੍ਰਿੰਸੀਪਲ ਸ਼੍ਰੀਮਤੀ ਨੀਲਮ ਵਰਮਾ ਨੇ ਇਸ ਮੌਕੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਜਨਮਾਸ਼ਟਮੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

## ਜਗਤ ਪੰਜਾਬੀ ਸਭਾ ਅਤੇ ਓਂਟਾਰਿਓ ਫਰੈਂਡਜ਼ ਕਲੱਬ ਵੱਲੋਂ ਕਵੀ ਦਰਬਾਰ ਆਯੋਜਿਤ

### ਦਰਸ਼ਨ ਸਿੰਘ ਧਾਲੀਵਾਲ ਦੁਆਰਾ ਸਭਾ ਲਈ ਐਲਾਨੀ 15 ਹਜਾਰ ਡਾਲਰ ਦੀ ਸਹਾਇਤਾ ਰਾਸ਼ੀ ਪ੍ਰਾਪਤ ਕੀਤੀ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ

ਬਰੈਂਪਟਨ, 7 ਸਤੰਬਰ : ਜਗਤ ਪੰਜਾਬੀ ਸਭਾ ਕੈਨੇਡਾ ਅਤੇ ਓਂਟਾਰਿਓ ਫਰੈਂਡਜ਼ ਕਲੱਬ ਵੱਲੋਂ ਜਗਤ ਪੰਜਾਬੀ ਸਭਾ ਦੇ ਦਫ਼ਤਰ, 134 ਕੈਨੇਡੀ ਰੋਡ ਸਾਊਥ, ਬਰੈਂਪਟਨ ਵਿਖੇ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕਵੀਆਂ ਅਤੇ ਮੈਂਬਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।



ਕਵੀ ਦਰਬਾਰ ਦੇ ਮੁੱਖ ਮਹਿਮਾਨ ਉੱਘੇ ਲੇਖਕ ਅਤੇ ਸੰਪਾਦਕ ਪਾਲ ਸਿੰਘ ਨੌਲੀ ਸਨ। ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਵਿੱਚ ਵਾਤਾਵਰਨ ਦੀ ਸੰਭਾਲ ਅਤੇ ਦਰਿਆਵਾਂ ਦੇ ਪਾਣੀਆਂ ਨਾਲ ਸਬੰਧਤ ਗੰਭੀਰ ਮੁੱਦਿਆਂ ਬਾਰੇ ਵਿਚਾਰ ਸਾਂਝੇ ਕੀਤੇ।



ਸਮਾਗਮ ਵਿੱਚ ਅਮਰ ਸਿੰਘ ਭੁੱਲਰ, ਸਰਪ੍ਰਸਤ ਜਗਤ ਪੰਜਾਬੀ ਸਭਾ, ਸਰਦੂਲ ਸਿੰਘ ਥਿਆੜਾ, ਪ੍ਰਧਾਨ ਜਗਤ ਪੰਜਾਬੀ ਸਭਾ, ਸੰਤੋਖ ਸਿੰਘ ਸੰਧੂ, ਪ੍ਰਧਾਨ ਓਂਟਾਰਿਓ ਫਰੈਂਡਜ਼ ਕਲੱਬ, ਅਜੈਬ ਸਿੰਘ ਚੱਠਾ, ਚੇਅਰਮੈਨ ਜਗਤ ਪੰਜਾਬੀ ਸਭਾ ਅਤੇ ਅਮਰੀਕ ਸਿੰਘ ਗੋਗਨਾ, ਸਰਪ੍ਰਸਤ ਓਂਟਾਰਿਓ ਫਰੈਂਡਜ਼ ਕਲੱਬ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

ਨਾਮਵਰ ਸ਼ਾਇਰ ਜਸਪਾਲ ਦੇਸੂਵੀ ਦੀ ਸੰਚਾਲਨਾ ਹੇਠ ਕਵੀ ਦਰਬਾਰ ਦੌਰਾਨ ਡਾ. ਕੁਲਦੀਪ ਕੌਰ ਗਿੱਲ, ਹਰਜੀਤ ਕੌਰ ਗਿੱਲ, ਮਨਿੰਦਰਜੀਤ ਕੌਰ ਪੂਰਨ, ਗੁਰਮੇਲ ਸਿੰਘ ਢਿੱਲੋਂ, ਕਰਤਾਰ ਸਿੰਘ ਔਲਖ, ਰੂਬੀ ਕਰਤਾਰਪੁਰੀ, ਹਰਜੀਤ ਕੌਰ, ਪ੍ਰਭਜੋਤ ਸਿੰਘ ਰਠੌਰ, ਪਿਆਰਾ ਸਿੰਘ ਕੁੱਦੋਵਾਲ ਤੇ ਰਮਿੰਦਰ ਵਾਲੀਆ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸਰੋਤਿਆਂ ਦਾ ਮਨ ਮੋਹਿਆ।ਸਮਾਗਮ ਦੌਰਾਨ ਨਛੱਤਰ ਸਿੰਘ ਮਾਨ ਤੇ ਭੁਪਿੰਦਰ ਸਿਘ ਬਾਜਵਾ, ਮੁੱਖ ਸਲਾਹਕਾਰ ਜਗਤ ਪੰਜਾਬੀ ਸਭਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਮਰ ਸਿੰਘ ਭੁੱਲਰ ਵੱਲੋਂ ਦਰਸ਼ਨ ਸਿੰਘ ਧਾਲੀਵਾਲ ਦੁਆਰਾ ਐਲਾਨੀ ਗਈ 15,000 ਡਾਲਰ ਦੀ ਸਹਾਇਤਾ ਰਾਸ਼ੀ ਦਾ ਡਰਾਫਟ ਚੇਅਰਮੈਨ ਅਜੈਬ ਸਿੰਘ ਚੱਠਾ ਨੂੰ ਸੌਂਪਿਆ ਗਿਆ। ਇਸ ਮੌਕੇ ਉਨਾਂ ਦੀ ਸ਼ੌਰਟ ਮੂਵੀ 'ਟੀਚਰ' ਨੇ ਵੀ ਵਾਹਵਾ ਪ੍ਰਸੰਸਾ ਖੱਟੀ।

## ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਬੇਟੀ ਡੌਲੀ ਗੁਲੇਰੀਆ ਦੇ ਪਤੀ ਕਰਨਲ ਸ਼ਰਨਜੀਤ ਸਿੰਘ ਗੁਲੇਰੀਆ ਦਾ ਨਵੀਂ ਦਿੱਲੀ ਵਿੱਚ ਦੇਹਾਂਤ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ: 7 ਸਤੰਬਰ : ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਬੇਟੀ ਡੌਲੀ ਗੁਲੇਰੀਆ ਨੂੰ ਸਦਮਾ ਪੁੱਜਿਆ ਹੈ। ਉਨ੍ਹਾਂ ਦੇ ਪਤੀ ਕਰਨਲ ਸ਼ਰਨਜੀਤ ਸਿੰਘ ਗੁਲੇਰੀਆ ਦਾ ਨਵੀਂ ਦਿੱਲੀ ਵਿੱਚ ਦੇਹਾਂਤ ਹੋ ਗਿਆ ਹੈ। ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਰਨਲ ਸ਼ਰਨਜੀਤ ਸਿੰਘ ਦੇ ਦੇਹਾਂਤ ਤੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।



ਪ੍ਰੋ. ਗਿੱਲ ਨੇ ਕਿਹਾ ਹੈ ਕਿ ਗੁਲੇਰੀਆ ਪਰਿਵਾਰ ਨੇ ਸੰਗੀਤ ਦੇ ਖੇਤਰ ਵਿੱਚ ਨਾਮਣਾ ਖੱਟਿਆ ਹੈ ਉੱਥੇ ਭਾਰਤੀ ਸੈਨਾ ਵਿੱਚ ਵੀ ਇਨ੍ਹਾਂ ਦੀ ਤੀਜੀ ਪੀੜ੍ਹੀ ਸੀ।

1940 ਦੇ ਜਨਮੇ ਕਰਨਲ ਗੁਲੇਰੀਆ ਹਸਮੁਖ ਸੁਭਾਅ, ਸਹਿਯੋਗੀ ਅਤੇ ਸਾਹਿੱਤਕ ਸੱਭਿਆਚਾਰਕ ਰੁਚੀਆਂ ਵਾਲੇ ਸਨ। ਮੈਨੂੰ ਮਾਣ ਹੈ ਕਿ ਸਰਦਾਰਨੀ ਸੁਰਿੰਦਰ ਕੋਰ ਦੇ ਮਗਰੋਂ ਡੌਲੀ ਗੁਲੇਰੀਆ ਪਰਿਵਾਰ ਨਾਲ ਮੇਰਾ ਪਰਿਵਾਰਕ ਰਿਸ਼ਤਾ ਹੈ। ਕਰਨਲ ਗੁਲੇਰੀਆ ਦਾ ਅੱਜ ਨਵੀਂ ਦਿੱਲੀ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਪ੍ਰੋ. ਗੁਰਭਜਨ ਸਿੰਘ ਗਿੱਲ ਤੋਂ. ਇਲਾਵਾ ਵਿਸ਼ਵ ਪੰਜਾਬੀ ਕਾਂਗਰਸ ਦੇ ਭਾਰਤੀ ਪ੍ਰਧਾਨ ਡਾ. ਦੀਪਕ ਮਨਮੋਹਨ ਸਿੰਘ, ਸਕੱਤਰ ਜਨਰਲ ਸਹਿਜਪ੍ਰੀਤ ਸਿੰਘ ਮਾਂਗਟ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਦਲਜੀਤ ਸ਼ਾਹੀ ਤੇ ਗੁਰਭੇਜ ਸਿੰਘ ਗੋਰਾਇਆ ਨੇ ਡੌਲੀ ਗੁਲੇਰੀਆ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

## ਖੇਡਾਂ ਵਤਨ ਪੰਜਾਬ ਦੀਆਂ ਦੇ ਬਲਾਕ ਪੱਧਰੀ ਖੇਡਾਂ 'ਚ ਪਹਿਲੇ ਦਿਨ ਹੋਏ ਦਿਲਚਸਪ ਮੁਕਾਬਲੇ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 7 ਸਤੰਬਰ: ਖੇਡ ਵਿਭਾਗ ਪਟਿਆਲਾ ਵੱਲੋਂ ਅੱਜ ਪਟਿਆਲਾ ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਬਲਾਕ ਪੱਧਰੀ ਖੇਡਾਂ ਦਾ ਆਗਾਜ ਕਰਵਾਇਆ ਗਿਆ, ਇਸ ਦੌਰਾਨ ਪਹਿਲੇ ਦਿਨ ਦਿਲਚਸਪ ਮੁਕਾਬਲੇ ਹੋਏ।



ਪਹਿਲੇ ਦਿਨ, ਪਟਿਆਲਾ ਦੇ ਚਾਰ ਬਲਾਕਾਂ ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ, ਰਾਜਪੁਰਾ ਅਤੇ ਨਾਭਾ ਵਿਖੇ ਬਲਾਕ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਜਿਹਨਾਂ ਵਿੱਚ ਵੱਖ-ਵੱਖ ਉਮਰ ਵਰਗ ਵਿੱਚ ਐਥਲੈਟਿਕਸ, ਫੁੱਟਬਾਲ, ਖੋ-ਖੋ, ਕਬੱਡੀ, ਵਾਲੀਬਾਲ ਸ਼ੂਟਿੰਗ ਅਤੇ ਵਾਲੀਬਾਲ ਸਮੈਸ਼ਿੰਗ ਖੇਡਾਂ ਕਰਵਾਈਆਂ ਜਾ ਰਹੀਆਂ ਹਨ।

ਇਹਨਾਂ ਖੇਡਾਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫਸਰ, ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਬਲਾਕ ਪੱਧਰੀ ਖੇਡਾਂ ਦੀ ਸ਼ੁਰੂਆਤ ਸਮੇਂ ਬਲਾਕ ਪਟਿਆਲਾ ਸ਼ਹਿਰੀ ਦੀਆਂ ਖੇਡਾਂ ਵਤਨ ਪੰਜਾਬ ਦੀਆਂ 2026 (ਬਲਾਕ) ਦਾ ਉਦਘਾਟਨ ਐਮ.ਐਲ.ਏ. ਪਟਿਆਲਾ ਸ਼ਹਿਰੀ ਅਜੀਤਪਾਲ ਸਿੰਘ ਕੋਹਲੀ, ਬਲਾਕ ਪਟਿਆਲਾ ਦਿਹਾਤੀ ਦੀਆਂ ਬਲਾਕ ਖੇਡਾਂ ਦਾ ਉਦਘਾਟਨ ਯੂਥ ਆਗੂ ਐਡਵੋਕੇਟ ਰਾਹੁਲ ਸਿੰਘ ਵੱਲੋਂ ਕੀਤਾ ਗਿਆ।

ਪਟਿਆਲਾ ਰੂਰਲ ਬਲਾਕ ਵਿੱਚ ਫੁੱਟਬਾਲ ਗੇਮ ਵਿੱਚ ਅੰਡਰ-14 ਲੜਕਿਆਂ ਵਿੱਚ ਦ ਮਿਲੇਨੀਅਮ ਸਕੂਲ ਦੀ ਟੀਮ ਨੂੰ 0/4 ਸਕੋਰਾਂ ਨਾਲ ਹਰਾ ਕੇ ਅਜਾਦ ਫੁੱਟਬਾਲ ਕਲੱਬ ਦੀ ਟੀਮ ਜੇਤੂ ਰਹੀ।

ਰਾਜਪੁਰਾ ਬਲਾਕ ਵਿੱਚ ਐਥਲੈਟਿਕਸ ਗੇਮ ਲੌਂਗ ਜੰਪ ਅੰਡਰ-17 ਲੜਕਿਆਂ ਵਿੱਚ ਜਸਕਰਨਜੋਤ ਸਿੰਘ ਨੇ ਪਹਿਲਾ ਸਥਾਨ, ਗੁਰਾਂਸ਼ ਸਿੰਘ ਨੇ ਦੂਸਰਾ ਸਥਾਨ, ਪ੍ਰਭਸਹਾਇ ਨੇ ਤੀਸਰਾ ਸਥਾਨ ਅਤੇ ਅਗਮ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ-17 ਕਬੱਡੀ ਲੜਕਿਆਂ ਵਿੱਚ ਸਰਕਾਰੀ ਸਕੂਲ ਧੂੰਮਾਂ ਨੇ ਗੁਰੂ ਰਾਮਦਾਸ ਬਸੰਤਪੁਰਾ ਨੂੰ ਹਰਾਇਆ। ਇਸੇ ਤਰ੍ਹਾਂ ਅੰਡਰ-14 ਲੜਕਿਆਂ ਵਿੱਚ ਐਸ.ਡੀ. ਪਬਲਿਕ ਸਕੂਲ ਨੇ ਗੁਰੂ ਰਾਮਦਾਸ ਬਸੰਤਪੁਰਾ ਨੂੰ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਫੁੱਟਬਾਲ ਗੇਮ ਅੰਡਰ 14 ਲੜਕਿਆਂ ਅਤੇ ਲੜਕੀਆਂ ਵਿੱਚ ਸ੍ਰੀ ਚੇਤਨਿਆ ਸਕੂਲ ਰਾਜਪੁਰਾ ਨੇ ਬਾਜੀ ਮਾਰੀ। ਵਾਲੀਬਾਲ ਗੇਮ ਅੰਡਰ -17 ਆਧਾਰਸ਼ਿਲਾ ਫਾਊਨਟੇਨ ਪਬਲਿਕ ਸਕੂਲ ਦੀ ਟੀਮ ਪਹਿਲੇ ਦਰਜੇ ਤੇ ਰਹੀ। ਖੋ-ਖੋ ਅੰਡਰ-14 ਲੜਕਿਆਂ ਵਿੱਚ ਪੈਪਸੂ ਸਟੇਡੀਅਮ ਰਾਜਪੁਰਾ ਨੇ ਜਿੱਤ ਹਾਸਲ ਕੀਤੀ।

ਪਟਿਆਲਾ ਦਿਹਾਤੀ ਬਲਾਕ ਵਿੱਚ ਐਥਲੈਟਿਕਸ ਗੇਮ 400 ਮੀਟਰ ਮੈਨ ਉਮਰ ਵਰਗ 21-30 ਵਿੱਚ ਪਹਿਲਾ ਸਥਾਨ ਆਯੂਸ਼ਪਾਲ ਅਤੇ ਦੂਸਰਾ ਸਥਾਨ ਜਸਪ੍ਰੀਤ ਸਿੰਘ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਉਮਰ ਵਰਗ 31-40 ਵਿੱਚ ਸਰਬਜੀਤ ਸਿੰਘ ਨੇ ਪਹਿਲਾ ਸਥਾਨ ਅਤੇ 41-50 ਉਮਰ ਵਰਗ ਵਿੱਚ ਮਨਪ੍ਰੀਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਨਾਭਾ ਬਲਾਕ ਵਿੱਚ ਕਬੱਡੀ ਗੇਮ ਅੰਡਰ-14 ਲੜਕਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੀਂਗੀ ਦੀ ਟੀਮ ਨੇ ਪਹਿਲਾ ਸਥਾਨ, ਹਾਈ ਸਕੂਲ ਅਚਲ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਵਾਲੀਬਾਲ ਗੇਮ ਵਿੱਚ ਅੰਡਰ-14 ਲੜਕੀਆਂ ਵਿੱਚ ਕਲਗੀਧਰ ਮੂੰਗੋ ਟੀਮ ਨੇ ਪਹਿਲਾ ਅਤੇ ਕੋਚਿੰਗ ਸੈਂਟਰ ਨਾਭਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

## ਵਿਧਾਇਕ ਕੋਹਲੀ ਤੇ ਮੇਅਰ ਗੋਗੀਆ ਨੇ ਪਟਿਆਲਾ ਤੋਂ ਖੇਡਾਂ ਵਤਨ ਪੰਜਾਬ ਦੀਆਂ ਦੇ ਚੌਥੇ ਸੀਜ਼ਨ ਦੀ ਕੀਤੀ ਸ਼ਾਨਦਾਰ ਸ਼ੁਰੂਆਤ

### ਖੇਡਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ :ਅਜੀਤਪਾਲ ਸਿੰਘ ਕੋਹਲੀ

### ਖੇਡਾਂ ਵਤਨ ਪੰਜਾਬ ਦੀਆਂ’ ਨੌਜਵਾਨਾਂ ਲਈ ਸੁਨਹਿਰੀ ਮੌਕਾ: ਮੇਅਰ ਕੁੰਦਨ ਗੋਗੀਆ

ਪਟਿਆਲਾ, 7 ਸਤੰਬਰ: ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਅਤੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਅਤੇ ਪੰਜਾਬ ਦੀ ਖੇਡ ਪ੍ਰਤਿਭਾ ਨੂੰ ਉਭਾਰਨ ਲਈ ਕਰਵਾਈਆਂ ਜਾ ਰਹੀਆਂ ‘ਖੇਡਾਂ ਵਤਨ ਪੰਜਾਬ ਦੀਆਂ’ ਦੇ ਚੌਥੇ ਸੀਜ਼ਨ ਦੀ ਪਟਿਆਲਾ ਤੋਂ ਸ਼ਾਨਦਾਰ ਸ਼ੁਰੂਆਤ ਪਟਿਆਲਾ ਦੇ ਵਿਧਾਇਕ ਸ੍ਰ. ਅਜੀਤਪਾਲ ਸਿੰਘ ਕੋਹਲੀ ਨੇ ਕੀਤੀ।ਇਸ ਮੌਕੇ ਪਟਿਆਲਾ ਦੇ ਮੇਅਰ ਸ੍ਰ. ਕੁੰਦਨ ਗੋਗੀਆ ਵੀ ਵਿਸ਼ੇਸ਼ ਤੌਰ ’ਤੇ ਮੌਜੂਦ ਸਨ।

ਵਿਧਾਇਕ ਸ੍ਰ. ਅਜੀਤਪਾਲ ਸਿੰਘ ਕੋਹਲੀ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਖੇਡਾਂ ਨੂੰ ਲੈ ਕੇ ਸਰਕਾਰ ਵੱਲੋਂ ਇੰਨੇ ਵੱਡੇ ਪੱਧਰ ’ਤੇ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਅਤੇ ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।



ਵਿਧਾਇਕ ਕੋਹਲੀ ਨੇ ਕਿਹਾ ਕਿ ਪੰਜਾਬ ਦੀ ਧਰਤੀ ਨੇ ਦੇਸ਼ ਅਤੇ ਦੁਨੀਆ ਨੂੰ ਵੱਡੀ ਗਿਣਤੀ ਵਿੱਚ ਨਾਮਵਰ ਖਿਡਾਰੀ ਦਿੱਤੇ ਹਨ। ਪੰਜਾਬ ਦੇ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਪਹਿਲਾਂ ਹੀ ਬਹੁਤ ਉਤਸ਼ਾਹ ਹੈ, ਲੋੜ ਸਿਰਫ਼ ਉਨ੍ਹਾਂ ਨੂੰ ਢੁੱਕਵਾਂ ਮੰਚ, ਸਹੂਲਤਾਂ ਅਤੇ ਮੌਕੇ ਪ੍ਰਦਾਨ ਕਰਨ ਦੀ ਹੈ। ਉਨ੍ਹਾਂ ਕਿਹਾ ਕਿ ‘ਖੇਡਾਂ ਵਤਨ ਪੰਜਾਬ ਦੀਆਂ’ ਵਰਗੇ ਵੱਡੇ ਖੇਡ ਸਮਾਗਮ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਇੱਕ ਵਧੀਆ ਪਲੇਟਫਾਰਮ ਮੁਹੱਈਆ ਕਰਵਾ ਰਹੇ ਹਨ।

ਉਨ੍ਹਾਂ ਕਿਹਾ ਕਿ ਖੇਡਾਂ ਸਿਰਫ਼ ਸਰੀਰਕ ਤੰਦਰੁਸਤੀ ਲਈ ਹੀ ਜ਼ਰੂਰੀ ਨਹੀਂ ਹਨ, ਸਗੋਂ ਇਹ ਨੌਜਵਾਨਾਂ ਦੀ ਸ਼ਖ਼ਸੀਅਤ ਦੇ ਨਿਰਮਾਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਖੇਡਾਂ ਬੱਚਿਆਂ ਅਤੇ ਨੌਜਵਾਨਾਂ ਨੂੰ ਨਸ਼ਿਆਂ, ਮਾੜੀਆਂ ਆਦਤਾਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹਨ। ਜਿਹੜਾ ਨੌਜਵਾਨ ਖੇਡ ਮੈਦਾਨ ਨਾਲ ਜੁੜਿਆ ਹੁੰਦਾ ਹੈ, ਉਹ ਅਨੁਸ਼ਾਸਨ, ਮਿਹਨਤ, ਸਬਰ ਅਤੇ ਟੀਮ ਭਾਵਨਾ ਵਰਗੇ ਗੁਣ ਸਿੱਖਦਾ ਹੈ।

ਸ੍ਰ. ਕੋਹਲੀ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਬੱਚਿਆਂ ਅਤੇ ਨੌਜਵਾਨਾਂ ਨੂੰ ਸਿਹਤਮੰਦ ਅਤੇ ਸਕਾਰਾਤਮਕ ਗਤੀਵਿਧੀਆਂ ਨਾਲ ਜੋੜਨਾ ਸਮੇਂ ਦੀ ਵੱਡੀ ਲੋੜ ਹੈ। ਖੇਡਾਂ ਉਨ੍ਹਾਂ ਨੂੰ ਆਪਣੇ ਟੀਚੇ ਪ੍ਰਤੀ ਕੇਂਦਰਿਤ ਰਹਿਣ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ ਅਜਿਹੇ ਉਪਰਾਲਿਆਂ ਨਾਲ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਨਵਾਂ ਜੋਸ਼ ਪੈਦਾ ਹੋ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚੋਂ ਹੋਰ ਵੀ ਬਿਹਤਰ ਖਿਡਾਰੀ ਉਭਰ ਕੇ ਸਾਹਮਣੇ ਆਉਣਗੇ।

ਮੇਅਰ ਸ੍ਰੀ ਕੁੰਦਨ ਗੋਗੀਆ ਨੇ ਕਿਹਾ ਕਿ ਪਟਿਆਲਾ ਦਾ ਖੇਡਾਂ ਨਾਲ ਪੁਰਾਣਾ ਨਾਤਾ ਹੈ। ਪਟਿਆਲਾ ਨੇ ਦੇਸ਼ ਨੂੰ ਕਈ ਨਾਮਵਰ ਖਿਡਾਰੀ ਦਿੱਤੇ ਹਨ ਅਤੇ ਇਹ ਸ਼ਹਿਰ ਹਮੇਸ਼ਾ ਹੀ ਖੇਡ ਗਤੀਵਿਧੀਆਂ ਦਾ ਕੇਂਦਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਤੋਂ ‘ਖੇਡਾਂ ਵਤਨ ਪੰਜਾਬ ਦੀਆਂ’ ਦੇ ਚੌਥੇ ਸੀਜ਼ਨ ਦੀ ਸ਼ੁਰੂਆਤ ਹੋਣਾ ਸ਼ਹਿਰ ਲਈ ਮਾਣ ਵਾਲੀ ਗੱਲ ਹੈ।

ਉਨ੍ਹਾਂ ਨੇ ਵੀ ਖਿਡਾਰੀਆਂ ਦਾ ਹੌਸਲਾ ਵਧਾਇਆ ਅਤੇ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਜੁੜੀ ਨੌਜਵਾਨ ਪੀੜ੍ਹੀ ਹੀ ਤੰਦਰੁਸਤ ਅਤੇ ਮਜ਼ਬੂਤ ਸਮਾਜ ਦੀ ਨੀਂਹ ਬਣ ਸਕਦੀ ਹੈ।

ਇਸ ਮੌਕੇ ਜਿਲ੍ਹਾ ਖੇਡ ਅਫਸਰ ਨਵਜੋਤ ਧਾਲੀਵਾਲ, ਐਮ.ਸੀ. ਹਰਮਨ ਸੰਧੂ, ਜਸਬੀਰ ਸਿੰਘ ਬਿੱਟੂ, ਜੋਹਨੀ ਕੋਹਲੀ, ਸਾਗਰ ਧਾਲੀਵਾਲ, ਦੇਵਿੰਦਰ ਪਾਲ ਸਿੰਘ ਮਿੱਕੀ ਤੋਂ ਇਲਾਵਾ ਹੋਰ ਪਤਵੰਤੇ, ਸਮਾਜ ਸੇਵੀ, ਖੇਡ ਪ੍ਰੇਮੀ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਵੀ ਮੌਜੂਦ ਸਨ।

## ਹਰ ਕਿਸਾਨ ਲਈ ਫਾਰਮਰ ਰਜਿਸਟਰੀ ਬਣਵਾਉਣਾ ਜ਼ਰੂਰੀ : ਡਾ. ਗੁਰਦੀਪ ਸਿੰਘ

### *ਆਉਣ ਵਾਲੇ ਸਮੇਂ ’ਚ ਸਬਸਿਡੀ ’ਤੇ ਸਰਕਾਰੀ ਸਹੂਲਤਾਂ ਲਈ ਫਾਰਮਰ ਰਜਿਸਟਰੀ ਹੋਵੇਗੀ ਅਹਿਮ: ਮੁੱਖ ਖੇਤੀਬਾੜੀ ਅਫ਼ਸਰ*



ਲੁਧਿਆਣਾ, 7 ਸਤੰਬਰ : ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਅਤੇ ਸਹੂਲਤਾਂ ਨਾਲ ਜੋੜਨ ਲਈ ਹਰੇਕ ਕਿਸਾਨ ਦੀ ਫਾਰਮਰ ਰਜਿਸਟਰੀ ਤਿਆਰ ਕੀਤੀ ਜਾ ਰਹੀ ਹੈ। ਇਸ ਸਬੰਧੀ ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਡਾ. ਗੁਰਦੀਪ ਸਿੰਘ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਫਾਰਮਰ ਰਜਿਸਟਰੀ ਤਹਿਤ ਆਪਣੀ ਫਾਰਮਰ ਆਈ.ਡੀ. ਜ਼ਰੂਰ ਬਣਵਾਉਣ ਤਾਂ ਜੋ ਭਵਿੱਖ ਵਿੱਚ ਕਿਸਾਨਾ ਨੂੰ ਉਹਨਾ ਦੀ ਇਸ Unique “Farmer ID” ਰਾਂਹੀ ਹੀ ਖਾਦਾਂ ਦੀ ਸਪਲਾਈ, ਪੀ.ਐਮ. ਕਿਸਾਨ ਸਨਮਾਨ ਨਿੱਧੀ ਯੋਜਨਾ ਤਹਿਤ ਮਿਲਣ ਵਾਲੀਆਂ ਕਿਸ਼ਤਾਂ, ਖੇਤੀ ਮਸ਼ਿਨਰੀ ਆਦਿ ਸਹੂਲਤਾਂ ਸਬਸਿਡੀ ’ਤੇ ਮਿਲਣਯੋਗ ਹੋਣਗੀਆਂ। ਆਉਣ ਵਾਲੇ ਸਮੇਂ ਵਿੱਚ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਅਤੇ ਹੋਰ ਖੇਤੀਬਾੜੀ ਸਬੰਧੀ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਵਿੱਚ ਕਿਸੇ ਕਿਸਮ ਦੀ ਦਿੱਕਤ ਨਾ ਆਵੇ।

ਡਾ. ਗੁਰਦੀਪ ਸਿੰਘ ਨੇ ਦੱਸਿਆ ਕਿ ਜਿਸ ਕਿਸਾਨ ਦੇ ਨਾਂ ’ਤੇ ਵਾਹੀਯੋਗ ਜ਼ਮੀਨ ਦਰਜ ਹੈ, ਉਸ ਲਈ ਫਾਰਮਰ ਰਜਿਸਟਰੀ ਤਹਿਤ ਆਪਣੀ ਫਾਰਮਰ ਆਈ.ਡੀ. ਬਣਵਾਉਣਾ ਜ਼ਰੂਰੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਫਾਰਮਰ ਆਈ.ਡੀ. ਬਣਵਾਉਣ ਲਈ ਜ਼ਮੀਨ ਦੀ ਮਾਤਰਾ ਸਬੰਧੀ ਕੋਈ ਸ਼ਰਤ ਨਹੀਂ ਹੈ।

ਭਾਵੇਂ ਕਿਸੇ ਕਿਸਾਨ ਕੋਲ ਘੱਟ ਜ਼ਮੀਨ ਹੈ ਜਾਂ ਵੱਧ, ਉਹ ਆਪਣੀ ਫਾਰਮਰ ਆਈ.ਡੀ. ਬਣਵਾ ਸਕਦਾ ਹੈ। ਇਸੇ ਤਰ੍ਹਾਂ ਜੇਕਰ ਕੋਈ ਕਿਸਾਨ ਖੇਤੀਬਾੜੀ ਦੇ ਨਾਲ ਕੋਈ ਕਾਰੋਬਾਰ ਕਰਦਾ ਹੈ ਜਾਂ ਨੌਕਰੀ ਕਰਦਾ ਹੈ, ਤਾਂ ਵੀ ਉਹ ਫਾਰਮਰ ਆਈ.ਡੀ. ਬਣਵਾਉਣ ਲਈ ਯੋਗ ਹੈ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਗੱਲ ਨੂੰ ਵਿਸ਼ੇਸ਼ ਤੌਰ ’ਤੇ ਯਕੀਨੀ ਬਣਾਉਣ ਕਿ ਪਰਿਵਾਰ ਦੇ ਜਿਨ੍ਹਾਂ-ਜਿਨ੍ਹਾਂ ਮੈਂਬਰਾਂ ਦੇ ਨਾਮ ’ਤੇ ਵਾਹੀਯੋਗ ਜ਼ਮੀਨ ਦਰਜ ਹੈ, ਉਨ੍ਹਾਂ ਸਾਰਿਆਂ ਦੀ ਵੱਖ-ਵੱਖ ਫਾਰਮਰ ਆਈ.ਡੀ. ਬਣਵਾਈ ਜਾਵੇ। ਉਨ੍ਹਾਂ ਕਿਹਾ ਕਿ ਸਿਰਫ਼ ਪਰਿਵਾਰ ਦੇ ਇਕ ਮੈਂਬਰ ਦੀ ਫਾਰਮਰ ਆਈ.ਡੀ. ਬਣਵਾਉਣਾ ਕਾਫ਼ੀ ਨਹੀਂ ਹੋਵੇਗਾ, ਸਗੋਂ ਜਿਸ-ਜਿਸ ਵਿਅਕਤੀ ਦੇ ਨਾਂ ’ਤੇ ਖੇਤੀਯੋਗ ਜ਼ਮੀਨ ਹੈ, ਉਸ ਦੀ ਫਾਰਮਰ ਆਈ.ਡੀ. ਬਣਾਉਣੀ ਜ਼ਰੂਰੀ ਹੈ ਤਾਂ ਜੋ ਖੇਤੀ ਨਾਲ ਸਬੰਧਤ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਵਿੱਚ ਕਿਸੇ ਕਿਸਮ ਦੀ ਦਿੱਕਤ ਨਾ ਆਵੇ।

ਡਾ. ਗੁਰਦੀਪ ਸਿੰਘ ਨੇ ਦੱਸਿਆ ਕਿ ਫਾਰਮਰ ਆਈ.ਡੀ. ਬਣਾਉਣ ਦੀ ਸਹੂਲਤ ਜ਼ਿਲ੍ਹੇ ਦੇ ਵੱਖ-ਵੱਖ ਕਾਮਨ ਸਰਵਿਸ ਸੈਂਟਰਾਂ (ਸੀ.ਐੱਸ.ਸੀ) ਵਿਖੇ ਬਿਲਕੁਲ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਦੇਰੀ ਦੇ ਆਪਣੇ ਨੇੜਲੇ ਕਾਮਨ ਸਰਵਿਸ ਸੈਂਟਰ ’ਤੇ ਪਹੁੰਚਣ ਅਤੇ ਆਪਣੀ ਤੇ ਪਰਿਵਾਰ ਦੇ ਉਨ੍ਹਾਂ ਸਾਰੇ ਮੈਂਬਰਾਂ ਦੀ ਫਾਰਮਰ ਆਈ.ਡੀ. ਜ਼ਰੂਰ ਬਣਵਾਉਣ, ਜਿਨ੍ਹਾਂ ਦੇ ਨਾਮ ’ਤੇ ਵਾਹੀਯੋਗ ਜ਼ਮੀਨ ਦਰਜ ਹੈ।

ਉਨ੍ਹਾਂ ਕਿਹਾ ਕਿ ਫਾਰਮਰ ਆਈ.ਡੀ. ਸਬੰਧੀ ਕਿਸਾਨਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਹ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰਕੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਮੁੜ ਜ਼ੋਰ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਦਾ ਕੋਈ ਵੀ ਯੋਗ ਕਿਸਾਨ ਇਸ ਪ੍ਰਕਿਰਿਆ ਤੋਂ ਵਾਂਝਾ ਨਾ ਰਹੇ ਅਤੇ ਸਾਰੇ ਕਿਸਾਨ ਫਾਰਮਰ ਰਜਿਸਟਰੀ ਤਹਿਤ ਆਪਣੀ ਫਾਰਮਰ ਆਈ.ਡੀ.ਜ਼ਰੂਰ ਬਣਵਾਉਣ।

## ਪੁੱਤਰ ਤਾਂ ਪਰਦੇਸ ਗਏ ਨੇ




ਪੁਤਰ ਤਾਂ ਪਰਦੇਸ ਗਏ ਨੇ।
ਨੂੰਹਾਂ ਪੋਤਰੀਆਂ ਤੇ ਪੋਤੇ,
ਦੂਰ ਦੇਸ ਵਿਚ ਵੱਸਦੇ ਰਸਦੇ।

ਬਾਪੂ ਜੀ ਦੀ ਉਮਰ ਸਿਆਣੀ।
ਉਮਰ ਦੇ ਅੱਠਵੇਂ ਡੰਡੇ ਤੱਕ ਵੀ,
ਉਲਝੀ ਪਈ ਹੈ,
ਸੁਲਝੀ ਨਹੀਂ ਫ਼ਿਕਰਾਂ ਦੀ ਤਾਣੀ।

ਘਰ ਵਿਚ ਮਾਂ ਹੈ,
ਬੈਠੀ ਰਹਿੰਦੀ ਕੱਲ ਮੁਕੱਲੀ।
ਰੋਜ਼ ਸਵੇਰੇ ਉੱਠ ਬਹਿੰਦੀ ਹੈ,
ਯਾਦਾਂ ਦੇ ਚਰਖੇ ਤੇ ਰੂੰ ਨੂੰ ਕੱਤੀ ਜਾਵੇ।
ਮਗਰੋਂ ਜਦੋਂ ਉਤਾਰੇ ਛੱਲੀ।
ਸ਼ਾਮੀਂ ਫ਼ੇਰ ਅਟੇਰਨ ਲੈ ਕੇ
ਬਹਿ ਜਾਂਦੀ ਹੈ।
ਮਨ ਵਿਚ ਸੌ ਸੌ ਸੋਚਾਂ
ਫ਼ਿਕਰਾਂ ਦੇ ਪਰਛਾਵੇਂ।
ਛੱਲੀਆਂ ਟੇਰਨ ਟੇਰ ਟੇਰ ਕੇ,
ਲੱਛੇ ਕਿੱਲੀ ਟੰਗੀ ਜਾਵੇ।
ਪੁੱਤਾਂ ਪੋਤਰਿਆਂ ਦੀਆਂ
ਖੈਰਾਂ ਮੰਗੀ ਜਾਵੇ।
ਸੱਦ ਜੁਲਾਹਾ ਸੂਤਰ ਦੇ ਕੇ,
ਕਈ ਆਖੇ ਵੇ ਤੂੰ ਬੁਣ ਦੇ ਖੇਸ।
ਲੈ ਜਾਵਣਗੇ ਪੁੱਤਰ ਮੇਰੇ
ਜਦ ਆਵਣਗੇ,
ਚਹੁੰ ਗਿੱਠਾਂ ਤੇ ਆਹ ਪਰਦੇਸ।

ਸੁਰਤ ਸਮੁੰਦਰੋਂ ਪਾਰ ਗਈ ਸੀ,
ਜਦੋਂ ਅਚਾਨਕ
ਟੈਲੀਫ਼ੋਨ ਦੀ ਘੰਟੀ ਵੱਜੀ।
ਮਾਂ ਦੇ ਦਿਲ ਦੀ ਧੜਕਣ ਧਕ ਧਕ,
ਯਾ ਰੱਬ ਸੱਚਿਆ,
ਰਾਜ਼ੀ ਹੋਵੇ ਬਾਗ਼ ਕਬੀਲਾ।
ਤੜਕਸਾਰ ਤੋਂ ਮੇਰੀ ਅੱਖ
ਫ਼ਰਕਦੀ ਸੱਜੀ।
ਹੌਲੀ ਹੌਲੀ ਉੱਠਦੀ ਹੈ ਗੋਡੇ ਹੱਥ ਧਰਕੇ,
ਟੈਲੀਫੋਨ ਫ਼ੜਦਿਆਂ
ਪਹਿਲਾ ਫ਼ਿਕਰਾ ਬੋਲੇ।
ਏਥੋਂ ਦੀ ਸੁਖ ਸਾਂਦ
ਸੁਣਾ ਵੇ ਮੇਰੇ ਜਾਇਆ।
ਰਾਤੀਂ ਚੰਦਰਾ ਸੁਪਨਾ ਆਇਆ।
ਮੇਰੀ ਤਾਂ ਵੀ ਉਸ ਤੋਂ ਮਗਰੋਂ
ਅੱਖ ਨਹੀਂ ਲੱਗੀ।

ਅੱਜ ਕੱਲ੍ਹ ਮੈਂ ਤਾਂ,
ਰੋਜ਼ ਸਵੇਰੇ
ਉੱਠ ਕੇ ਆਟਾ ਗੁੰਨ ਲੈਂਦੀ ਹਾਂ।
ਦੋ ਤਿੰਨ ਫੁਲਕੇ ਕੌਲੀ ਸਬਜ਼ੀ,
ਮੁੱਕਦੇ ਹੀ ਨਹੀਂ।
ਅੱਧੀ ਮੈਂ ਤੇ ਅੱਧੀ ਤੇਰਾ
ਬਾਪੂ ਰੋਟੀ ਖਾ ਲੈਂਦਾ ਹੈ।
ਸੁੱਕ-ਬਰੂਰਾ ਕਰਕੇ ਆਟਾ,
ਕੰਗਣੀ ਜਾਂ ਪੁੱਤਰਾ ਤਿਲ -ਚੌਲੀ,
ਕੋਠੇ ਤੇ ਜਾਂ ਚੌਕ ਚੁਰਾਹੇ,
ਕਾਵਾਂ ਚਿੜੀਆਂ ਖਾਤਰ ਜਾ ਕੇ
ਪਾ ਆਉਂਦੀ ਹਾਂ।
ਮੈਂ ਤਾਂ ਆਪਣਾ
ਏਦਾਂ ਮਨ ਪਰਚਾਅ ਆਉਂਦੀ ਹਾਂ।

ਬੂਹੇ ਤੇ ਜਦ ਕਈ ਕਈ ਦਿਨ
ਦਸਤਕ ਨਹੀਂ ਹੁੰਦੀ,
ਮਨ ਭਰ ਜਾਂਦੈ।
ਐਡਾ ਵਿਹੜਾ ਸੱਖਮ ਸੱਖਣਾ
ਵੇਖ ਵੇਖ ਕੇ,
ਜੀਅ ਡਰ ਜਾਂਦੈ।

ਤੇਰੇ ਬਾਪੂ ਜੀ ਤਾਂ ਫਿਰ ਵੀ,
ਮੰਡੀ ਵਿਚ ਜਾਂ ਸ਼ਹਿਰ ’ਚ
ਗੇੜਾ ਲਾ ਆਉਂਦੇ ਨੇ।
ਪਰ ਵੇ ਪੁੱਤਰਾ ਜੀਅ ਘਬਰਾਉਂਦੈ।
ਟੁੱਟੀਆਂ ਸੜਕਾਂ ਟੋਏ ਟਿੱਬੇ,
ਉੱਚੇ ਨੀਵੇਂ ਥਾਂ ਤੇ
ਕਿਧਰੇ ਪੈਰ ਪੈ ਗਿਆ।
ਹੱਡ ਪੈਰ ਇਸ ਉਮਰੇ ਜੁੜਨਾ
ਡਾਢਾ ਔਖਾ।
ਮਨਮੱਤੀਏ ਨੇ ਮੈਂ ਕੀਹ ਆਖਾਂ,
ਕਈ ਵਾਰੀ ਤਾਂ ਬਿਨਾਂ ਐਨਕੋਂ
ਤੁਰ ਜਾਂਦੇ ਨੇ,

ਤੇਰੇ ਲਾਗੋਂ ਆਇਆ
ਜੋ ਸਰਹੰਦੀਆ ਮੁੰਡਾ,
ਸੁਣਿਆ ਪਰਸੋਂ ਮੁੜ ਜਾਣਾ ਹੈ।
ਉਹਦੇ ਹੱਥ ਸੇਵੀਆਂ ਘੱਲੂੰ,
ਪੋਟਿਆਂ ਵਾਲੀਆਂ
ਰੰਗ-ਬਰੰਗੀਆਂ।
ਮੇਰੇ ਪੋਤਰਿਆਂ ਨੂੰ ਲੱਗਣ
ਬੜੀਆਂ ਚੰਗੀਆਂ।
ਪੋਤਰੀਆਂ ਲਈ
ਸ਼ਹਿਰ ਗੋਰਾਇਓਂ,
ਬਿਰਜੂ ਦੀ ਬਰਫ਼ੀ ਦਾ ਡੱਬਾ,
ਕੋਲ ਬੈਠ ਕੇ ਮੈਂ ਬਣਵਾਏ
ਦੇਸੀ ਬਿਸਕੁਟ।
ਸਭ ਕੁਝ ਡੱਬੇ ਅੰਦਰ ਪੁੱਤਰਾ
ਰੱਖ ਦਿੱਤਾ ਏ।

ਕੁਝ ਚਿਰ ਪੁੱਤ ਦੀਆਂ
ਗੱਲਾਂ ਸੁਣਦੀ, ਫ਼ੇਰ ਆਖਦੀ।
ਸ਼ਹਿਰ ’ਚ ਰਹਿੰਦੀ ਭੈਣ ਤੁਹਾਡੀ
ਗੁੱਡੀ ਵੀ ਨਿਰਮੋਹੀ ਹੋਈ।
ਉਹ ਤਾਂ ਆਪਣੇ ਘਰ ਵਿੱਚ ਰੁੱਝੀ,
ਏਧਰ ਫੇਰਾ ਮਾਰੇ ਹੁਣ
ਤਾਂ ਕਦੇ ਕਦਾਈਂ।
ਪਰ ਜਦ ਵੀ ਉਹ ਆ ਜਾਂਦੀ ਹੈ,
ਓਦੋਂ ਮੇਰੇ ਗੋਡੇ ਮੋਢੇ ਕੁਝ ਨਹੀਂ ਦੁਖਦੇ,
ਸਭ ਕੰਮ ਹੱਥੀਂ
ਕਰ ਲੈਂਦੀ ਆਂ ਚਾਈਂ ਚਾਈਂ।

ਟੈਲੀਫ਼ੋਨ ਅਚਾਨਕ ਰੁਕਿਆ
ਤੇ ਫਿਰ ਚੱਲਿਆ।
ਹੈਲੋ ਹੈਲੋ,
ਕੀ ਕਹਿੰਦਾ ਏਂ,
ਏਸ ਸਿਆਲ ਨਹੀਂ
ਤੈਥੋਂ ਪੁੱਤਰਾ ਆਇਆ ਜਾਣਾ।
ਚੱਲ ਉਹ ਜਾਣੇ,
ਤੂੰ ਤਾਂ ਮੰਨਿਆ ਕੰਮ ਵਿਚ ਬਹੁਤਾ ਖੁਭਿਆ ਹੋਇਆ,
ਘੱਲ ਦੇ ਮੇਰੀ ਨੂੰਹ ਰਾਣੀ ਤੇ
ਬਾਲ ਨਿਆਣੇ।

ਕਾਕੇ ਨੂੰ ਵੀ ਆਖੀਂ
ਏਧਰ ਗੇੜਾ ਮਾਰੇ।
ਇਹ ਤਾਂ ਮੇਰਾ ਪੁੱਤ ਬਨਵਾਸੀ।
ਢਿੱਲੇ ਗੁੜ ਦੇ ਵਾਂਗੂੰ ਇਹ
ਕਿਸਮਤ ਦਾ ਢਿੱਲਾ,
ਛੋਟਾ ਹੈ ਵੇਖੀਂ ਵੇ
ਇਹਦੀ ਬਾਂਹ ਨਾ ਛੱਡੀਂ।

ਟੈਲੀਫ਼ੋਨ ਸੁਣਦਿਆਂ
ਮਾਂ ਦੀ ਬਾਂਹ ਥੱਕੀ ਹੈ।
ਦੂਜੇ ਕੰਨ ਨੂੰ ਚੋਂਗਾ ਲਾ ਕੇ
ਫਿਰ ਪੁੱਛਦੀ ਹੈ,
ਹਾਂ ਵੇ ਪੁੱਤਰਾ
ਕੀ ਕਹਿੰਦਾ ਏਂ?
ਬੱਚਿਆਂ ਦਾ ਵੀ ਆਉਣ ਨਹੀਂ ਹੈ?
ਕਾਲਜ ਅਤੇ ਸਕੂਲ ਉਨ੍ਹਾਂ ਦੇ
ਬੰਦ ਨਹੀਂ ਹੋਣੇ?
ਚੱਲ ਕੋਈ ਨਾ।

ਕੀ ਕਹਿੰਦਾ ਏਂ ਟਿਕਟ ਭੇਜਦਾਂ,
ਨਾ ਨਾ ਵੇ ਪੁੱਤ
ਸਾਡੀ ਟਿਕਟ ਨਾ ਭੇਜੀਂ ਹਾਲੇ।
ਤੇਰੇ ਦੇਸ਼ ਸਿਆਲ ’ਚ ਮੇਰੇ
ਹੱਡ ਜੁੜ ਜਾਂਦੇ।
ਅੰਦਰ ਵੜ ਕੇ ਮਨ ਅੱਕ ਜਾਂਦਾ,
ਬਾਹਰ ਨਿਕਲੋ
ਬਰਫ਼ਾਂ ਦੇ ਅੰਬਾਰ ਡਰਾਉਂਦੇ।

ਤੇਰੇ ਬਾਪੂ ਜੀ ਦਾ
ਅੱਜ ਕੱਲ੍ਹ ਜੀਅ ਨਹੀਂ ਲੱਗਦਾ।
ਨਿੱਤ ਕਹਿੰਦੇ ਨੇ,
ਕਿਹੜੀ ਘੜੀ ਕੁਲੱਛਣੀ
ਪੁੱਤ ਪਰਦੇਸੀਂ ਤੋਰੇ।
ਗੋਰੀ ਧਰਤੀ ਉੱਤੇ ਜਾ ਕੇ,
ਹੋ ਗਏ ਉਹ ਤਾਂ ਅਸਲੋਂ ਕੋਰੇ।
ਕਦੇ ਕਦਾਈਂ ਆਉਂਦੇ ਨੇ
ਮਹਿਮਾਨਾਂ ਵਾਂਗੂੰ।
ਇਹ ਘਰ ,ਖੇਤ ਤੇ ਦੇਸ ਪਿਆਰਾ,
ਸਾਨੂੰ ਤਾਂ ਇਹ ਖਾਣ ਨੂੰ ਆਵੇ,
ਲੱਗਦੈ ਸਭ ਸ਼ਮਸ਼ਾਨਾਂ ਵਾਂਗੂੰ।

ਚੱਲ ਕੋਈ ਨਾ
ਐਵੇਂ ਮੇਰਾ ਮਨ ਭਰ ਆਇਆ,
ਆਪਣੇ ਘਰ ਵਿਚ ਵੱਸਦੇ ਰਸਦੇ ਖੁਸ਼ੀਆਂ ਮਾਣੋ।
ਪਰ ਵੇ ਪੁੱਤਰਾ
ਜਿਸ ਧਰਤੀ ਤੇ ਜਨਮ ਲਿਆ ਹੈ,
ਰੋਜ਼ ਉਡੀਕੇ,
ਇਹਨੂੰ ਵੀ ਤਾਂ ਆਪਣੀ ਜਾਣੋ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ